**ਵਿਸ਼ਾ-ਪੰਜਾਬੀ** **ਬਹੁਅਰਥਕ ਸ਼ਬਦ** **ਜਮਾਤ-ਦਸਵੀਂ**

**ਬਹੁਅਰਥਕ ਸ਼ਬਦ -** ਬਹੁਅਰਥਕ ਸ਼ਬਦ ਉਹ ਹੁੰਦਾ ਹੈ ਜਿਸ ਦੇ ਅਰਥ ਇੱਕ ਤੋਂ ਵੱਧ ਹੋਣ। ਆਮ ਤੌਰ 'ਤੇ ਬਹੁਅਰਥਕ ਸ਼ਬਦ ਉਹਨਾਂ ਸ਼ਬਦਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦੇ ਸ਼ਬਦ-ਜੋੜ ਅਤੇ ਉਚਾਰਨ ਤਾਂ ਇੱਕੋ-ਜਿਹੇ ਹੁੰਦੇ ਹਨ ਪਰ ਅਰਥਾਂ ਵਿੱਚ ਢੇਰ ਅੰਤਰ ਹੁੰਦਾ ਹੈ। ਕਈ ਵਾਰੀ ਇਹ ਇੱਕੋ-ਜਿਹੇ ਜਾਪਦੇ ਸ਼ਬਦ ਵੱਖ-ਵੱਖ ਸੋਮਿਆਂ ਤੋਂ ਆਏ ਹੁੰਦੇ ਹਨ ਜਾਂ ਵੱਖ-ਵੱਖ ਪ੍ਰਸੰਗਾਂ ਵਿੱਚ ਲਗਾਤਾਰ ਵਰਤੋਂ ਕਾਰਨ ਵੱਖ-ਵੱਖ ਅਰਥਾਂ ਵਾਲ਼ੇ ਹੋ ਜਾਂਦੇ ਹਨ।

**1. ਉੱਚਾ :** 1. ਉੱਚੀ ਥਾਂ - ਇਸ ਗਲੀ ਵਿੱਚ ਸਾਡਾ ਘਰ ਸਭ ਤੋਂ ਉੱਚਾ ਹੈ।
2. ਸੁਣਨ ਸ਼ਕਤੀ - ਗੁਰਦੇਵ ਸਿੰਘ ਨੂੰ ਉੱਚਾ ਸੁਣਦਾ ਹੈ।
3. ਰਸੋਈ ਸੰਦ - ਤਵੇ 'ਤੇ ਰੋਟੀਆਂ ਰਾੜ੍ਹਨ ਲਈ ਉੱਚਾ ਵਰਤਿਆ ਜਾਂਦਾ ਹੈ।
4. ਬੁਰਾ ਬੋਲ - ਕਦੇ ਕਿਸੇ ਨੂੰ ਉੱਚਾ ਬੋਲ ਨਹੀਂ ਬੋਲਣਾ ਚਾਹੀਦਾ।

**2. ਉਲਟੀ :** 1. ਇੱਕ ਬਿਮਾਰੀ - ਬੱਸ ਦੇ ਸਫ਼ਰ ਦੌਰਾਨ ਕਈਆਂ ਨੂੰ ਉਲਟੀ ਆ ਜਾਂਦੀ ਹੈ।
2. ਗ਼ਲਤ ਗੱਲ - ਸ਼ਾਮ ਲਾਲ ਹਮੇਸ਼ਾ ਉਲਟੀ ਗੱਲ ਕਰਦਾ ਹੈ।
3. ਪੁੱਠੀ - ਦੁਰਘਟਨਾ ਵਾਲ਼ੇ ਸਥਾਨ 'ਤੇ ਕਾਰ ਉਲਟੀ ਪਈ ਸੀ।

**3. ਵੇਲ :** 1. ਵੇਲਣਾ - ਰੋਟੀ ਵੇਲ ਕੇ ਤਵੇ ਉੱਪਰ ਪਾ ਦਿੱਤੀ।
2. ਪੌਦਾ - ਅੰਗੂਰ ਦੀ ਵੇਲ ਪੁੰਗਰ ਆਈ।
3. ਵਾਰਨਾ - ਬੱਚੇ ਦੇ ਜਨਮ ਤੇ ਦਸ ਰੁਪੈ ਦੀ ਵੇਲ ਕੀਤੀ।

**4. ਉੱਤਰ :** 1. ਲਹਿਣਾ - ਬੱਚਾ ਪੌੜੀਆਂ ਤੋਂ ਉੱਤਰ ਰਿਹਾ ਹੈ।
2. ਜਵਾਬ - ਪ੍ਰਸ਼ਨ ਦਾ ਉੱਤਰ ਠੀਕ ਹੈ।
3. ਦਿਸ਼ਾ - ਸਾਡਾ ਘਰ ਪਿੰਡ ਦੀ ਉੱਤਰ ਦਿਸ਼ਾ ਵੱਲ ਹੈ।

**5. ਅੱਗਾ :** 1. ਆਪਣਾ ਭਲਾ ਕਰਨਾ - ਲੋੜਵੰਦਾਂ ਦੀ ਸੇਵਾ ਕਰਨ ਵਾਲ਼ੇ ਆਪਣਾ ਅੱਗਾ ਸੁਆਰ ਲੈਂਦੇ ਹਨ।
2. ਅਗਲਾ ਪਾਸਾ - ਇਸ ਕਮੀਜ਼ ਦਾ ਅੱਗਾ ਤਾਂ ਕੱਢਿਆ ਹੋਇਆ ਹੈ ਪਰ ਪਿੱਛਾ ਨਹੀਂ।
3. ਆਸ-ਪਾਸ - ਸਿਆਣੇ ਬੰਦੇ ਅੱਗਾ-ਪਿੱਛਾ ਵੇਖ ਕੇ ਗੱਲ ਕਰਦੇ ਹਨ।

**6. ਹਾਲ :** 1. ਪਹੀਏ ਦਾ ਭਾਗ - ਪਹੀਏ ਦਾ ਹਾਲ ਗਰਮ ਕਰ ਕੇ ਚੜ੍ਹਾਇਆ ਜਾਂਦਾ ਹੈ।
2. ਦੁੱਖ-ਸੁੱਖ - ਮਿਲਨ ਵੇਲ਼ੇ ਅਸੀਂ ਆਪਣੇ ਸਾਕ-ਸੰਬੰਧੀਆਂ ਦਾ ਹਾਲ ਪੁੱਛਦੇ ਹਾਂ।
3. ਸਮਾਂ - ਹਾਲ ਦੀ ਘੜੀ ਮੈਂ ਵਿਹਲਾ ਨਹੀਂ।

**7. ਕੱਚਾ :** 1. ਘੱਟ ਪੱਕਿਆ - ਇਹ ਪਰੌਂਠਾ ਤਾਂ ਕੱਚਾ ਹੈ।
2. ਕੰਮ ਦੀ ਕਿਸਮ - ਇਸ ਕਾਪੀ ਵਿੱਚ ਮੈਂ ਕੱਚਾ ਕੰਮ ਕਰਦੀ ਹਾਂ।
3. ਖ਼ਰਾਬ ਸਿਹਤ - ਮੇਰਾ ਜੀਅ ਕੱਚਾ ਹੋ ਰਿਹਾ ਹੈ ਕਿਤੇ ਉਲਟੀ ਹੀ ਨਾ ਆ ਜਾਵੇ।

**8. ਅਰਕ :** 1. ਦਵਾਈ - ਮੈਂ ਗੁਲਾਬ ਦਾ ਅਰਕ ਪੀ ਲਿਆ।
2. ਕੂਹਣੀ - ਮੇਰੀ ਅਰਕ 'ਤੇ ਸੱਟ ਲੱਗ ਗਈ।

**9. ਸਰ** : 1. ਤਾਸ਼ ਦੀ ਸਰ - ਤਾਸ਼ ਖੇਡਦਿਆਂ ਮੇਰੀ ਕੋਈ ਸਰ ਨਾ ਬਣੀ।

2. ਸਰੋਵਰ - ਸਰ ਦਾ ਪਾਣੀ ਬਹੁਤ ਠੰਡਾ ਹੈ।

3. ਫਤਿਹ ਕਰਨਾ - ਭਾਰਤੀ ਫ਼ੌਜ ਨੇ ਜੰਗ ਸਰ ਕਰ ਲਈ।

**10. ਸੰਗ** : 1. ਸਾਥ - ਮੇਰਾ ਦੋਸਤ ਹਮੇਸ਼ਾ ਮੇਰੇ ਸੰਗ ਬੈਠਦਾ ਹੈ।

2. ਸ਼ਰਮ - ਮੈਨੂੰ ਤੁਹਾਡੇ ਤੋਂ ਸੰਗ ਆਉਂਦੀ ਹੈ।

3. ਪੱਥਰ - ਤਾਜ ਮਹਿਲ ਸੰਗਮਰਮਰ ਦਾ ਬਣਿਆ ਹੈ।

**11. ਸੂਤ** : 1. ਰਾਸ - ਮੇਰਾ ਕੰਮ ਤੇਰੇ ਸਾਥ ਨਾਲ਼ ਸੂਤ ਹੋ ਗਿਆ।

2. ਨਿਸ਼ਾਨ ਲਈ ਧਾਗਾ - ਤਰਖਾਣ ਨੇ ਸੂਤ ਲਾ ਕੇ ਲੱਕੜ ਚੀਰੀ।

3. ਮੱਕੀ ਦਾ ਸੂਤ - ਮੱਕੀ ਸੂਤ ਕੱਤ ਰਹੀ ਹੈ।

**12. ਵਾਰ** : 1. ਦਿਨ - ਹਫ਼ਤੇ ਦੇ ਸੱਤ ਵਾਰ ਹਨ।

2. ਹਮਲਾ - ਮੈਂ ਵਾਰ ਕਰਕੇ ਸੱਪ ਮਾਰ ਦਿੱਤਾ।

3. ਕੁਰਬਾਨ - ਗੁਰੂ ਜੀ ਨੇ ਕੌਮ ਲਈ ਪਰਿਵਾਰ ਦਿੱਤਾ।

**13. ਸੂਆ** : 1. ਵੱਡੀ ਸੂਈ - ਸੂਏ ਨਾਲ਼ ਬਲਦ ਦੇ ਨੱਥ ਪਾ ਦਿੱਤੀ।

2. ਛੋਟੀ ਨਹਿਰ - ਸਾਡੇ ਪਿੰਡ ਕੋਲ਼ ਦੀ ਸੂਆ ਲੰਗਦਾ ਹੈ।

3. ਮੱਝ ਦਾ ਸੂਆ - ਸਾਡੀ ਮੱਝ ਪਹਿਲੇ ਸੂਏ ਹੈ।

**14. ਹਾਰ** : 1. ਹਾਰਨਾ - ਭਾਰਤ ਮੈਚ ਹਾਰ ਗਿਆ।

2. ਗਲ ਦਾ ਗਹਿਣਾ - ਔਰਤ ਦੇ ਗਲ ਵਿੱਚ ਹਾਰ ਪਾਇਆ ਹੈ।

3. ਘਾਟਾ - ਮੈਨੂੰ ਵਪਾਰ ਵਿੱਚ ਹਾਰ ਹੋਈ।

**15. ਕਹੀ** : 1. ਆਖੀ - ਮੇਰੀ ਕਹੀ ਗੱਲ ਯਾਦ ਰੱਖਣਾ।

2. ਇੱਕ ਸੰਦ - ਕਿਸਾਨ ਕਹੀ ਮੋਢੇ 'ਤੇ ਰੱਖ ਕੇ ਖੇਤ ਜਾ ਰਿਹਾ ਹੈ।

3. ਕਿੰਨੀ - ਆਧਿਆਪਕ ਨੇ ਕਹੀ ਸੋਹਣੀ ਗੱਲ ਆਖੀ।

**16. ਕਾਲ** : 1. ਸਮਾਂ - ਕਾਲ ਤਿੰਨ ਪ੍ਰਕਾਰ ਦੇ ਹੁੰਦੇ ਹਨ।

2. ਮੌਤ - ਕੋਈ ਨਹੀਂ ਜਾਣਦਾ ਕਾਲ ਕਦੋਂ ਆ ਜਾਵੇ।

3. ਕਮੀ - ਐਤਕੀ ਮੀਂਹ ਦਾ ਕਾਲ ਲੱਗਦਾ ਹੈ।

**17. ਕੋਟ** : 1. ਕੱਪੜਾ - ਮੈਂ ਸਰਦੀ ਤੋਂ ਬਚਣ ਲਈ ਕੋਟ ਪਾ ਲਿਆ।

2. ਕਿਲ੍ਹਾ - ਫ਼ੌਜ ਨੇ ਕੋਟ ਨੂੰ ਘੇਰਾ ਪਾ ਲਿਆ।

3. ਤਾਸ਼ ਦੀ ਬਾਜੀ - ਤਾਸ਼ ਦੀ ਪਹਿਲੀ ਬਾਜੀ ਮੇਰੇ ਸਿਰ ਕੋਟ ਹੋ ਗਿਆ।

**18. ਖੱਟੀ** : 1. ਰੰਗ - ਕੁੜੀ ਨੇ ਖੱਟੀ ਚੁੰਨੀ ਲਈ ਹੈ।

2. ਫ਼ਲ - ਅਸੀਂ ਖੱਟੀ ਦਾ ਰਸ ਪੀਤਾ।

3. ਇੱਕ ਸਵਾਦ - ਲੱਸੀ ਬਹੁਤ ਖੱਟੀ ਹੈ।

**19. ਘੜੀ :** 1. ਸਮਾਂ ਯੰਤਰ - ਮੈਨੂੰ ਤੋਹਫ਼ੇ ਵਿੱਚ ਘੜੀ ਮਿਲ਼ੀ।

2. ਸਮੇ ਦਾ ਅੰਸ਼ - ਕੁਝ ਘੜੀ ਮੇਰੇ ਕੋਲ਼ ਰੁਕ ਜਾ।

3. ਤਰਾਛਣਾ - ਮੈਂ ਚਾਕੂ ਨਾਲ਼ ਕਲਮ ਘੜੀ।

**20. ਛਾਪਾ :** 1. ਅਚਾਨਕ ਤਲਾਸ਼ੀ - ਪਿੰਡ ਵਿਚ ਪੁਲਿਸ ਦਾ ਛਾਪਾ ਪੈ ਗਿਆ।

2. ਛਪਾਈ - ਕੱਪੜੇ ਦਾ ਛਾਪਾ ਬਹੁਤ ਸੁੰਦਰ ਹੈ।

3. ਪ੍ਰੈਸ - ਛਾਪਾਖਾਨਾ ਵਧੀਆ ਛਪਾਈ ਕਰਦਾ ਹੈ।

**21. ਜੱਗ :** 1. ਦੁਨੀਆ - ਮਹਾਨ ਲੋਕਾਂ ਨੂੰ ਸਾਰਾ ਜੱਗ ਯਾਦ ਰੱਖਦਾ ਹੈ।

2. ਬਰਤਨ - ਜੱਗ ਪਾਣੀ ਦਾ ਭਰ ਕੇ ਲਿਆ।

3. ਲੰਗਰ - ਪਿੰਡ ਵਿੱਚ ਚੌਲਾਂ ਦਾ ਜੱਗ ਕੀਤਾ ਗਿਆ।

**22. ਟੋਟਾ :** 1. ਟੁਕੜਾ - ਮੈਂ ਗੰਨੇ ਦਾ ਟੋਟਾ ਚੂਪਿਆ।

2. ਘਾਟਾ - ਮੈਨੂੰ ਹਰ ਕੰਮ ਵਿੱਚ ਇੱਕ ਵਾਰ ਟੋਟਾ ਅਤੇ ਫਿਰ ਲਾਭ ਹੋਇਆ।

3. ਟੁੱਟੇ ਚਾਵਲ - ਮੈਂ ਬਜਾਰ ਵਿਚੋਂ ਚਾਵਲ ਦਾ ਟੋਟਾ ਖਰੀਦਿਆ।

**23. ਦੌਰਾ :** 1. ਭਾਂਡਾ - ਲਲਾਰੀ ਨੇ ਦੌਰੇ ਵਿੱਚ ਰੰਗ ਘੋਲਿਆ।

2. ਬਿਮਾਰੀ - ਰਾਮ ਨੂੰ ਮਿਰਗੀ ਦਾ ਦੌਰਾ ਪੈਂਦਾ ਹੈ।

3. ਸੈਰ - ਰਾਸ਼ਟਰਪਤੀ ਵਿਦੇਸੀ ਦੌਰੇ 'ਤੇ ਗਏ।

**24. ਧਾਰ :** 1. ਮੱਝ ਦੀ ਧਾਰ - ਭੈਣ ਨੇ ਮੱਝ ਦੀ ਧਾਰ ਕੱਢੀ।

2. ਪਾਣੀ ਦੀ ਧਾਰ - ਮੈਂ ਪਾਣੀ ਦੀ ਧਾਰ ਹੇਠਾਂ ਨਹਾ ਲਿਆ।

3. ਤਲਵਾਰ ਦੀ ਧਾਰ - ਤਲਵਾਰ ਦੀ ਧਾਰ ਬਹੁਤ ਤੇਜ ਹੈ।

**25. ਫੁੱਟ :** 1. ਉੱਗਣਾ - ਗੁਲਾਬ ਦੀ ਕਲਮ ਫੁੱਟ ਪਈ।

2. ਝਗੜਾ - ਸਾਨੂੰ ਧਾਰਮਿਕ ਫੁੱਟ ਤੋਂ ਦੂਰ ਰਹਿਣਾ ਚਾਹੀਦਾ ਹੈ।

3. ਫ਼ਲ - ਫੁੱਟ ਦਾ ਸਵਾਦ ਫਿੱਕਾ ਹੁੰਦਾ ਹੈ।

**26. ਫੁੱਲ :** 1. ਹੱਡੀਆਂ - ਰਾਮ ਆਪਣੀ ਮਾਂ ਦੇ ਫੁੱਲ ਗੰਗਾ ਪਾਉਣ ਗਿਆ।

2. ਪੌਦੇ ਦਾ ਭਾਗ - ਗੁਲਾਬ ਦਾ ਫੁੱਲ ਸੁੰਦਰ ਹੈ।

3. ਖ਼ੁਸ਼ ਹੋਣਾ - ਮੈਂ ਆਪਣੀ ਤਰੀਫ਼ ਸੁਣ ਕੇ ਫੁੱਲ ਗਿਆ।

**27. ਬੋਲੀ :** 1. ਭਾਸ਼ਾ - ਸਾਡੀ ਮਾਂ-ਬੋਲੀ ਪੰਜਾਬੀ ਹੈ।

2. ਮਿਹਣਾ - ਉਸ ਦੀ ਬੋਲੀ ਮੇਰਾ ਸੀਨਾ ਚੀਰ ਗਈ।

3. ਗੀਤ ਦਾ ਰੂਪ - ਮੈਂ ਗਿੱਧੇ ਵਿੱਚ ਬੋਲੀ ਪਾਈ।

**28. ਲੜ :** 1. ਡੰਗ ਮਾਰਨਾ - ਮੇਰੇ ਮੱਛਰ ਲੜ ਰਿਹਾ ਹੈ।

2. ਝਗੜਾ - ਕੱਲ ਮੇਰਾ ਦੋਸਤ ਮੇਰੇ ਨਾਲ਼ ਲੜ ਪਿਆ।

3. ਪੱਗ ਦਾ ਲੜ - ਮੇਰੀ ਪੱਗ ਦਾ ਲੜ ਘਟ ਗਿਆ।

**29. ਵੱਟ :** 1. ਵੱਟਣਾ - ਕਿਸਾਨ ਨੇ ਸਣ ਦਾ ਰੱਸਾ ਵੱਟ ਲਿਆ।

2. ਵਲ - ਕੱਪੜੇ ਵਿੱਚ ਵੱਟ ਪੈ ਗਏ।

3. ਬੰਨਾ - ਮੈਂ ਖੇਤ ਦੀ ਵੱਟ ਤੇ ਤੁਰ ਆਇਆ।

**30. ਚਕ :** 1. ਮਿੱਟੀ ਦੇ ਬਰਤਨ ਬਣਾਉਣ ਸੰਦ - ਘੁਮਿਆਰ ਚੱਕ ਉੱਤੇ ਮਿੱਟੀ ਦੇ ਸੁੰਦਰ ਭਾਂਡੇ ਬਣਾਉਂਦਾ ਹੈ।

2. ਦੰਦੀ - ਕੱਲ੍ਹ ਸ਼ਾਲੂ ਨੂੰ ਕੁੱਤੇ ਨੇ ਚੱਕ ਵੱਢ ਲਿਆ ਸੀ ਤਦੇ ਤਾਂ ਉਹ ਅੱਜ ਸਕੂਲ ਨਹੀਂ ਆਈ।

3. ਖੂਹ ਲਾਉਣਾ - ਚੰਗੀ ਜ਼ਮੀਨ ਵੇਖ ਕੇ ਸਾਡੇ ਵਡੇਰਿਆਂ ਨੇ ਇੱਥੇ 'ਚੱਕ' ਬੱਧਾ ਸੀ, ਇਸ ਪਿੰਡ ਦਾ ਨਾਂ ਫੱਤੂ ਚੱਕ ਹੈ।

**31. ਤਰ :** 1. ਤੈਰਨਾ - ਮੈਂ ਤਰ ਕੇ ਨਹਿਰ ਨੂੰ ਪਾਰ ਕੀਤਾ।

2. ਗਿੱਲਾ - ਫ਼ਰਸ਼ ਨੂੰ ਤਰ ਕਰੋ ਤਾਂਕਿ ਸੀਮਿੰਟ ਪੱਕ ਜਾਵੇ।

3. ਇੱਕ ਸਬਜੀ - ਰੋਟੀ ਨਾਲ਼ ਤਰ ਖਾਣੀ ਗੁਣਕਾਰੀ ਹੁੰਦੀ ਹੈ ।

**32. ਲਾਵਾਂ :** 1. ਵਿਆਹ ਦੀ ਰਸਮ - ਵਿਆਹ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਲ਼ੇ ਚਾਰ ਲਾਵਾਂ ਲਈਆਂ ਜਾਂਦੀਆਂ ਹਨ।

2. ਮਾਤਰਾ - ਹੋੜੇ ਅਤੇ ਕਨੌੜੇ ਵਾਂਗ ਲਾਂਵਾਂ ਵੀ ਅੱਖਰ ਦੇ ਉੱਪਰ ਲੱਗਦੀਆਂ ਹਨ।

3. ਤੱਕੜੀ ਦੀਆਂ ਰੱਸੀਆਂ - ਇਸ ਤੱਕੜੀ ਨਾਲ਼ ਤੋਲਿਆ ਨਹੀਂ ਜਾ ਸਕਦਾ ਕਿਉਂਕਿ ਇਸ ਦੀਆਂ ਲਾਂਵਾਂ ਟੁੱਟੀਆਂ ਹਨ।

**33. ਵਾਹ :** 1. ਹਲ ਚਲਾਉਣਾ - ਦੱਬ ਕੇ ਵਾਹ ਤੇ ਰੱਜ ਕੇ ਖਾਹ।

2. ਵਿਸਮਕ ਸ਼ਬਦ - ਵਾਹ! ਤੂੰ ਕਿੰਨਾ ਸੋਹਣਾ ਗੀਤ ਗਾਇਆ!

3. ਕੋਸ਼ਸ਼ - ਚੰਗੇ ਡਾਕਟਰ ਮਰੀਜ਼ ਨੂੰ ਠੀਕ ਕਰਨ ਲਈ ਪੂਰੀ ਵਾਹ ਲਾਉਂਦੇ ਹਨ।